# ਨਮੂਨਾ, ਇਹ ਪੰਨਾ ਸਿਰਫ਼ ਸੰਦਰਭ ਲੈਣ ਲਈ ਹੈ।

ਰੋਜ਼ਗਾਰ ਵਿਕਾਸ ਵਿਭਾਗ
ਪੀ ਓ ਬਾਕਸ 1234
ਨਮੂਨਾ ਸ਼ਹਿਰ, ਕੈਲੀਫੋਰਨੀਆ 99999-9999

Employment Development Department
State of California

**EDD ਟੈਲੀਫੋਨ ਨੰਬਰ**

| | |
|---|---|
| ਅੰਗਰੇਜ਼ੀ: | 1-800-300-5616 |
| ਸਪੈਨਿਸ਼: | 1-800-326-8937 |
| ਕੈਂਟੋਨੀਜ਼: | 1-800-547-3506 |
| ਮੈਂਡਾਰਿਨ: | 1-866-303-0706 |
| ਵੀਅਤਨਾਮੀ: | 1-800-547-2058 |
| TTY (ਬਿਨਾਂ ਵੌਇਸ ਵਾਲਾ): | 1-800-815-9387 |
| EDD ਦੀ ਇੰਟਰਨੈੱਟ ਦੀ ਸਾਈਟ | edd.ca.gov |

ਗਾਹਕ ਦੇ ਨਾਮ ਦਾ ਨਮੂਨਾ
1234 ਨਮੂਨਾ ਸੜਕ
ਕੋਈ ਸ਼ਹਿਰ, ਕੈਲੀਫੋਰਨੀਆ 99999-9999

**ਮੇਲ ਕਰਨ ਦੀ ਤਾਰੀਖ਼:** ਮਹੀਨਾ/ਤਾਰੀਖ਼/ਸਾਲ

## ਯੋਗਤਾ ਸਮੀਖਿਆ ਬਕਾਇਆ ਰਹਿਣ ਦੇ ਦੌਰਾਨ ਸ਼ਰਤੀਆ ਭੁਗਤਾਨ ਦਾ ਨੋਟਿਸ

ਇਹ ਨੋਟਿਸ ਕਿਸੇ ਵੀ ਸੰਭਾਵੀ ਯੋਗਤਾ ਮੁੱਦਿਆਂ 'ਤੇ ਲਾਗੂ ਹੁੰਦਾ ਹੈ ਜੋ ਤੁਹਾਡੇ ਦਾਅਵੇ ਦੇ ਦੌਰਾਨ ਪੈਦਾ ਹੋ ਸਕਦੇ ਹਨ।

ਸਾਨੂੰ ਤੁਹਾਡੇ ਦਾਅਵੇ ਵਿੱਚ ਇੱਕ ਸੰਭਾਵੀ ਸਮੱਸਿਆ ਮਿਲੀ ਹੈ ਜੋ ਤੁਹਾਨੂੰ ਫਾਇਦੀਆਂ ਲਈ ਅਯੋਗ ਬਣਾ ਸਕਦੀ ਹੈ। ਕਿਉਂਕਿ ਤੁਸੀਂ ਆਪਣੇ ਬੇਰੋਜ਼ਗਾਰੀ ਦਾਅਵੇ 'ਤੇ ਪਹਿਲਾਂ ਹੀ ਫਾਇਦੀਆਂ ਨੂੰ ਪ੍ਰਾਪਤ ਕਰ ਚੁੱਕੇ ਹੋ, ਅਸੀਂ ਸ਼ਰਤੀਆ ਤਨਖਾਹ ਲਈ ਤੁਹਾਡੇ ਬਕਾਇਆ ਹਫ਼ਤਿਆਂ ਤੇ ਕਾਰਵਾਈ ਕਰ ਰਹੇ ਹਾਂ ਜਦੋਂ ਤੱਕ ਕਿ ਅਸੀਂ ਤੁਹਾਡੀ ਨਿਰੰਤਰ ਯੋਗਤਾ ਨਿਰਧਾਰਤ ਕਰਦੇ ਹਾਂ। ਜੇਕਰ ਤੁਸੀਂ ਫਾਇਦੀਆਂ ਲਈ ਪ੍ਰਮਾਣਿਤ ਕਰਨਾ ਜਾਰੀ ਰੱਖਦੇ ਹੋ ਜਦੋਂ ਕਿ ਅਸੀਂ ਤੁਹਾਡੀ ਯੋਗਤਾ ਦਾ ਨਿਰਧਾਰਨ ਕਰ ਰਹੇ ਹੁੰਦੇ ਹਾਂ, ਤਾਂ ਕੀਤੇ ਜਾਣ ਵਾਲੇ ਕਿਸੇ ਵੀ ਸ਼ਰਤੀਆ ਭੁਗਤਾਨ ਨੂੰ ਇੱਕ ਵਾਧੂ ਭੁਗਤਾਨ ਮੰਨਿਆ ਜਾਵੇਗਾ ਜੇਕਰ ਬਾਅਦ ਵਿੱਚ ਇਹ ਪਾਇਆ ਜਾਂਦਾ ਹੈ ਕਿ ਤੁਸੀਂ ਉਹਨਾਂ ਫਾਇਦੀਆਂ ਲਈ ਅਯੋਗ ਸੀ।

ਸਾਨੂੰ ਅਜੇ ਵੀ ਤੁਹਾਡੀ ਯੋਗਤਾ ਬਕਾਇਆ ਮੁੱਦੇ ਨੂੰ ਨਿਰਧਾਰਤ ਕਰਨ ਦੀ ਲੋੜ ਹੈ, ਜਿਸ ਦੇ ਨਤੀਜੇ ਵਜੋਂ ਹੇਠ ਲਿਖਿਆਂ ਵਿੱਚੋਂ ਇੱਕ ਹੋ ਸਕਦਾ ਹੈ:

- ਤੁਹਾਨੂੰ ਸ਼ਰਤੀਆ ਭੁਗਤਾਨ ਪ੍ਰਾਪਤ ਹੋਣਗੇ ਅਤੇ ਤੁਸੀਂ ਬਾਅਦ ਵਿੱਚ ਉਹਨਾਂ ਲਾਭਾਂ ਲਈ ਯੋਗ ਪਾਏ ਜਾਓਗੇ।
- ਤੁਹਾਨੂੰ ਸ਼ਰਤੀਆ ਭੁਗਤਾਨ ਪ੍ਰਾਪਤ ਹੋਣਗੇ ਅਤੇ ਤੁਸੀਂ ਬਾਅਦ ਵਿੱਚ ਉਹਨਾਂ ਲਾਭਾਂ ਲਈ ਅਯੋਗ ਪਾਏ ਜਾਓਗੇ। ਜੇਕਰ ਤੁਸੀਂ ਅਯੋਗ ਪਾਏ ਜਾਂਦੇ ਹੋ, ਤਾਂ ਅਸੀਂ ਤੁਹਾਨੂੰ *ਨਿਰਧਾਰਨ ਦਾ ਨੋਟਿਸ* ਭੇਜਾਂਗੇ, ਜਿਸ 'ਤੇ ਤੁਸੀਂ ਅਪੀਲ ਕਰ ਸਕਦੇ ਹੋ। ਜੇਕਰ ਤੁਸੀਂ ਵਾਧੂ ਭੁਗਤਾਨ ਦੀ ਛੋਟ ਲਈ ਯੋਗ ਨਹੀਂ ਹੁੰਦੇ ਹੋ, ਤਾਂ ਤੁਹਾਨੂੰ ਪ੍ਰਾਪਤ ਹੋਇਆ ਸ਼ਰਤੀਆ ਭੁਗਤਾਨ ਵਾਪਸ ਕਰਨ ਦੀ ਲੋੜ ਹੋ ਸਕਦੀ ਹੈ।

ਸਮੀਖਿਆ ਦੇ ਦੌਰਾਨ, ਹੋ ਸਕਦਾ ਹੈ ਕਿ ਤੁਹਾਨੂੰ ਭੁਗਤਾਨ ਪ੍ਰਾਪਤ ਨਾ ਹੋਵੇ ਜੇਕਰ ਤੁਸੀਂ:

- ਪੂਰੀ ਤਰ੍ਹਾਂ ਨੌਕਰੀ ਕਰਦੇ ਹੋ ਜਾਂ ਬਹੁਤ ਜ਼ਿਆਦਾ ਆਮਦਨ ਦੀ ਰਿਪੋਰਟ ਕਰਦੇ ਹੋ।
- ਗਲਤ ਬਿਆਨ ਦੇਣ ਲਈ ਪਹਿਲਾਂ ਹੀ ਜੁਰਮਾਨਾ ਅਦਾ ਕਰ ਰਹੇ ਹੋ।
- ਪਹਿਲਾਂ ਹੀ ਅਯੋਗ ਹੋ।
- ਅਤੀਤ ਵਿੱਚ ਬਹੁਤ ਵਾਧੂ ਭੁਗਤਾਨ ਕੀਤਾ ਗਿਆ ਸੀ ਅਤੇ ਤੁਹਾਡੇ ਉਹਨਾਂ ਲਾਭਾਂ ਨੂੰ ਵਾਧੂ ਭੁਗਤਾਨ 'ਤੇ ਅਪਲਾਈ ਕੀਤਾ ਗਿਆ ਸੀ।

ਇਹ ਨੋਟਿਸ ਉਦੋਂ ਲਾਗੂ ਹੁੰਦਾ ਹੈ ਜਦੋਂ ਅਸੀਂ ਸੰਭਾਵੀ ਯੋਗਤਾ ਦੇ ਮੁੱਦੇ ਦੀ ਪਛਾਣ ਕਰਨ ਦੇ ਦੋ ਹਫ਼ਤਿਆਂ ਦੇ ਅੰਦਰ ਕੋਈ ਫੈਸਲਾ ਨਹੀਂ ਕਰ ਸਕਦੇ।

### ਕੀ ਉਮੀਦ ਕੀਤੀ ਜਾਏ

ਜਦੋਂ ਤੱਕ ਅਸੀਂ ਤੁਹਾਡੀ ਯੋਗਤਾ ਨਿਰਧਾਰਤ ਕਰਦੇ ਹਾਂ 'ਤੇ ਜੇਕਰ ਤੁਸੀਂ ਲਗਾਤਾਰ ਬੇਰੁਜ਼ਗਾਰ ਰਹਿੰਦੇ ਹੋ ਜਾਂ ਕੰਮ ਦੇ ਘੱਟ ਘੰਟੇ ਕੰਮ ਕਰ ਰਹੇ ਹੋ, ਤਾਂ ਫਾਇਦੀਆਂ ਲਈ ਪ੍ਰਮਾਣਿਤ ਕਰਨਾ ਜਾਰੀ ਰੱਖੋ। ਪ੍ਰਮਾਣਿਤ ਕਰਨ ਦਾ ਸਭ ਤੋਂ ਤੇਜ਼ ਤਰੀਕਾ portal.edd.ca.gov 'ਤੇ UI Online℠ 'ਤੇ ਜਾ ਕੇ ਕਰਨਾ ਹੈ। ਅਸੀਂ ਤੁਹਾਨੂੰ ਉਦੋਂ ਤੱਕ ਭੁਗਤਾਨ ਕਰਨਾ ਜਾਰੀ ਰੱਖਾਂਗੇ ਜਦੋਂ ਤੱਕ ਤੁਸੀਂ ਪ੍ਰਮਾਣਿਤ ਕਰਨਾ ਜਾਰੀ ਰੱਖਦੇ ਹੋ ਅਤੇ ਜਦੋਂ ਤੱਕ ਅਸੀਂ ਤੁਹਾਨੂੰ ਅਯੋਗ ਨਹੀਂ ਪਾਉਂਦੇ ਹਾਂ।

**ਜੇਕਰ ਤੁਸੀਂ ਪੂਰੀ ਤਰ੍ਹਾਂ ਨੌਕਰੀ ਕਰਦੇ ਹੋ ਜਾਂ ਤੁਹਾਨੂੰ ਵਿਸ਼ਵਾਸ ਹੈ ਕਿ ਤੁਸੀਂ ਫਾਇਦੀਆਂ ਲਈ ਅਯੋਗ ਹੋ, ਤਾਂ ਤੁਹਾਨੂੰ ਪ੍ਰਮਾਣਿਤ ਕਰਨਾ ਜਾਰੀ ਨਹੀਂ ਰੱਖਣਾ ਚਾਹੀਦਾ ਹੈ।**

ਜੇਕਰ ਤੁਹਾਡੀ ਯੋਗਤਾ ਨਿਰਧਾਰਤ ਕਰਨ ਲਈ ਸਾਨੂੰ ਹੋਰ ਜਾਣਕਾਰੀ ਦੀ ਲੋੜ ਹੈ ਤਾਂ ਅਸੀਂ ਤੁਹਾਡੇ ਨਾਲ ਸੰਪਰਕ ਕਰ ਸਕਦੇ ਹਾਂ। ਇਹ ਜ਼ਰੂਰੀ ਹੈ ਕਿ ਤੁਸੀਂ ਸਾਨੂੰ ਜਵਾਬ ਦਿਓ। ਜੇਕਰ ਤੁਸੀਂ ਬੇਨਤੀ ਅਨੁਸਾਰ ਜਵਾਬ ਨਹੀਂ ਦਿੰਦੇ ਹੋ, ਤਾਂ ਸਾਨੂੰ ਅਜੇ ਵੀ ਸਾਡੇ ਲਈ ਉਪਲਬਧ ਜਾਣਕਾਰੀ ਦੇ ਆਧਾਰ 'ਤੇ ਫੈਸਲਾ ਲੈਣ ਦੀ ਲੋੜ ਹੋ ਸਕਦੀ ਹੈ। ਤੁਹਾਡੇ ਕੋਲੋ ਕੋਈ ਜਾਣਕਾਰੀ ਨਾ ਮਿਲਣ ਤੇ, ਅਸੀਂ ਤੁਹਾਨੂੰ ਪ੍ਰਾਪਤ ਕੀਤੇ ਕਿਸੇ ਵੀ ਸ਼ਰਤੀਆ ਭੁਗਤਾਨ ਲਈ ਅਯੋਗ ਪਾ ਸਕਦੇ ਹਾਂ। ਪਾਤਰਤਾ ਦੇ ਮੁੱਦਿਆਂ 'ਤੇ ਹੋਰ ਜਾਣਕਾਰੀ ਲਈ, edd.ca.gov/en/claim-status 'ਤੇ ਜਾਓ।

### ਸਾਡੇ ਦੁਆਰਾ ਯੋਗਤਾ ਨਿਰਧਾਰਤ ਕਰਨ ਤੋਂ ਬਾਅਦ

ਲਾਭ ਪ੍ਰਾਪਤ ਕਰਨ ਦੇ ਯੋਗ ਹੋਣ ਲਈ, ਤੁਹਾਡਾ ਬੇਰੁਜ਼ਗਾਰੀ ਦੇ ਹਰ ਹਫ਼ਤੇ ਲਈ ਯੋਗਤਾ ਲੋੜਾਂ ਨੂੰ ਪੂਰਾ ਕਰਨਾ ਜ਼ਰੂਰੀ ਹੈ।

ਜੇਕਰ ਅਸੀਂ ਤੁਹਾਡੀ ਯੋਗਤਾ ਦੀ ਪੁਸ਼ਟੀ ਕਰਦੇ ਹਾਂ, ਤਾਂ ਤੁਹਾਨੂੰ ਭੁਗਤਾਨ ਕੀਤੇ ਹਫ਼ਤਿਆਂ ਲਈ ਕੁਝ ਵੀ ਕਰਨ ਦੀ ਲੋੜ ਨਹੀਂ ਹੈ। ਜੇਕਰ ਤੁਸੀਂ ਬੇਰੁਜ਼ਗਾਰ ਰਹਿੰਦੇ ਹੋ ਜਾਂ ਕੰਮ ਕਰਨ ਦੇ ਘੰਟੇ ਘਟਾਉਂਦੇ ਹੋ ਤਾਂ ਹਰ ਦੋ ਹਫ਼ਤਿਆਂ ਵਿੱਚ ਫਾਇਦੀਆਂ ਲਈ ਪ੍ਰਮਾਣਿਤ ਕਰਨਾ ਜਾਰੀ ਰੱਖੋ। ਪ੍ਰਮਾਣੀਕਰਨ ਸਵਾਲਾਂ ਦੇ ਜਵਾਬ ਦੇਣ ਵਿੱਚ ਮਦਦ ਲਈ, edd.ca.gov/en/Unemployment/Understanding_the_Continued_Claim_Certification_Questions'ਤੇ ਜਾਓ।

ਜੇਕਰ ਤੁਸੀਂ ਯੋਗਤਾ ਲੋੜਾਂ ਨੂੰ ਪੂਰਾ ਨਹੀਂ ਕੀਤਾ, ਤਾਂ ਅਸੀਂ ਤੁਹਾਨੂੰ *ਨਿਰਧਾਰਨ ਦਾ ਨੋਟਿਸ* (DE 1080CZ) ਭੇਜਾਂਗੇ, ਜਿਸ ਲਈ ਤੁਸੀਂ ਅਪੀਲ ਕਰ ਸਕਦੇ ਹੋ। ਜੇਕਰ ਤੁਸੀਂ ਵਾਧੂ ਭੁਗਤਾਨ ਦੀ ਛੋਟ ਲਈ ਯੋਗ ਨਹੀਂ ਹੋ, ਤਾਂ ਤੁਹਾਨੂੰ ਜੋ ਪ੍ਰਾਪਤ ਹੋਇਆ ਹੈ ਉਸਨੂੰ ਵਾਪਸ ਕਰਨਾ ਪੈ ਸਕਦਾ ਹੈ। ਅਸੀਂ ਤੁਹਾਨੂੰ *ਸੰਭਾਵੀ ਵਾਧੂ ਭੁਗਤਾਨ ਦਾ ਨੋਟਿਸ* (DE 1447) ਅਤੇ/ਜਾਂ *ਵਾਧੂ ਭੁਗਤਾਨ ਦਾ ਨੋਟਿਸ* (DE 1444) ਡਾਕ ਰਾਹੀਂ ਭੇਜਾਂਗੇ। ਤੁਹਾਡੇ ਕੋਲ ਇਸ ਨਿਰਧਾਰਨ ਅਤੇ ਵਾਧੂ ਭੁਗਤਾਨ ਲਈ ਅਪੀਲ ਕਰਨ ਦਾ ਅਧਿਕਾਰ ਹੋਵੇਗਾ ਅਤੇ ਇੱਕ ਵਾਧੂ ਭੁਗਤਾਨ ਦੀ ਛੋਟ ਲਈ ਮੁੜ ਵਿਚਾਰ ਕੀਤਾ ਜਾਵੇਗਾ। ਹੋਰ ਜਾਣਕਾਰੀ ਲਈ edd.ca.gov/en/claims/Benefit-Overpayments 'ਤੇ ਜਾਓ।